ਪੰਜਾਬ ਸਕੂਲ ਸਿੱਖਿਆ ਬੋਰਡ

(ਰਜਿਸਟ੍ਰੇਸ਼ਨ ਸ਼ਾਖਾ)

ਸੈਸ਼ਨ 2026-27 ਲਈ ਸਕੂਲ ਤੋਂ ਸਕੂਲ ਟਰਾਂਸਫਰ ਦਾ ਸ਼ਡਿਊਲ

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਇਸ ਸੈਸ਼ਨ 2026-27 ਦੌਰਾਨ ਅੱਠਵੀਂ ਤੋਂ ਬਾਰ੍ਹਵੀਂ ਸ਼੍ਰੇਣੀਆਂ ਵਿੱਚ ਪੜ੍ਹਦੇ ਵਿਦਿਆਰਥੀਆਂ ਲਈ ਦਾਖਲੇ ਦੀ ਅੰਤਿਮ ਮਿਤੀ ਤੱਕ ਵਿਦਿਆਰਥੀਆਂ ਨੂੰ ਬਿਨ੍ਹਾਂ ਫੀਸ ਤੋਂ ਹੀ ਆਨਲਾਈਨ ਵਿਧੀ ਰਾਹੀਂ ਸਕੂਲ ਤੋਂ ਸਕੂਲ ਟ੍ਰਾਂਸਫਰ ਕਰਨ ਦੀ ਸੁਵਿਧਾ ਦਿੱਤੀ ਗਈ ਸੀ। ਉਸ ਉਪਰੰਤ ਬੋਰਡ ਵੱਲੋਂ ਪਿਛਲੇ ਸਾਲਾਂ ਦੀ ਤਰ੍ਹਾਂ ਹੀ ਦਾਖਲੇ ਦੀ ਅੰਤਿਮ ਮਿਤੀ ਤੋਂ ਬਾਅਦ ਨਿਰਧਾਰਿਤ ਸ਼ਡਿਊਲ ਅਤੇ ਫੀਸ ਅਨੁਸਾਰ Online Fee Payment ਵਿਧੀ ਰਾਹੀਂ ਹੀ ਵਿਦਿਆਰਥੀਆਂ ਨੂੰ ਸਕੂਲ ਤੋਂ ਸਕੂਲ ਟ੍ਰਾਂਸਫਰ ਕੀਤਾ ਜਾ ਸਕੇਗਾ।

ਜੇਕਰ ਕਿਸੇ ਵਿਦਿਆਰਥੀ ਦੀ ਕਿਸੇ ਵੀ ਸ਼੍ਰੇਣੀ ਵਿੱਚ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਕਰਨ ਲਈ ਸਕੂਲ ਵੱਲੋਂ ਫਾਈਨਲ ਸਬਮਿਸ਼ਨ ਕੀਤੀ ਜਾ ਚੁਕੀ ਹੈ ਅਤੇ ਪ੍ਰਿੰਸੀਪਲ ਵੱਲੋਂ Declaration ਨੂੰ e-sign ਵੀ ਕੀਤਾ ਜਾ ਚੁੱਕਿਆ ਹੈ, ਉਸ ਉਪਰੰਤ ਜੇਕਰ ਵਿਦਿਆਰਥੀ ਸਕੂਲ ਬਦਲਣਾ ਚਾਹੁੰਦਾ ਹੈ ਤਾਂ ਉਸ ਵਿਦਿਆਰਥੀ ਨੂੰ ਆਨਲਾਈਨ ਸਕੂਲ ਤੋਂ ਸਕੂਲ ਟ੍ਰਾਂਸਫਰ ਵਿਧੀ ਰਾਹੀਂ ਹੀ ਟ੍ਰਾਂਸਫਰ ਕਰਕੇ ਦਾਖਲਾ ਦਿੱਤਾ ਜਾ ਸਕਦਾ ਹੈ। ਸਕੂਲ ਤੋਂ ਸਕੂਲ ਟਰਾਂਸਫਰ ਕਰਨ ਲਈ ਮਿਤੀਆਂ ਦਾ ਸ਼ਡਿਊਲ ਅਤੇ ਫੀਸਾਂ ਹੇਠ ਦਰਸਾਏ ਅਨੁਸਾਰ ਹਨ :-

ਸਕੂਲ ਤੋਂ ਸਕੂਲ ਟਰਾਂਸਫਰ ਸਬੰਧੀ ਸ਼ਡਿਊਲ

ਮਿਤੀ	ਫੀਸ	ਵਿਸ਼ੇਸ਼ ਕਥਨ
ਦਾਖਲੇ ਦੀ ਅੰਤਿਮ ਮਿਤੀ ਉਪਰੰਤ ਮਿਤੀ 30-10-2026 ਤੱਕ	1000/-ਰੁ:	ਆਨ-ਲਾਈਨ ਪ੍ਰਕਿਰਿਆ ਰਾਹੀਂ
ਮਿਤੀ 31-10-2026 ਤੋਂ 31-12-2026 ਤੱਕ	2000/-ਰੁ:	ਆਨ-ਲਾਈਨ ਪ੍ਰਕਿਰਿਆ ਰਾਹੀਂ

ਸਕੂਲਾਂ ਦੀ ਸੁਵਿਧਾ ਵਾਸਤੇ ਆਨ-ਲਾਈਨ ਸਕੂਲ ਤੋਂ ਸਕੂਲ ਟ੍ਰਾਂਸਫਰ ਕਰਨ ਦੀ ਵਿਧੀ ਹੇਠ ਲਿਖੇ ਅਨੁਸਾਰ ਹੈ :-

New School Process

1. ਵਿਦਿਆਰਥੀ ਨੇ Transfer ਹੋ ਕੇ ਜਿਸ ਨਵੇਂ ਸਕੂਲ ਵਿੱਚ ਜਾਣਾ ਹੈ, ਉਹ ਉਸ ਨਵੇਂ ਸਕੂਲ ਨੂੰ ਇੱਕ application ਦੇਵੇਗਾ।
2. ਨਵਾਂ ਸਕੂਲ ਆਪਣਾ ਸਕੂਲ login ਕਰਨ ਉਪਰੰਤ School Transfer menu ਵਿੱਚ 'Apply for Transfer' link ਤੇ click ਕਰੇਗਾ।
3. ਇਸ ਲਿੰਕ ਵਿੱਚ Student Unique Id ,Reg. No, Aadhar No,Mobile No ਆਦਿ ਵਿੱਚੋਂ ਕੋਈ ਇਕ option select ਕਰਕੇ , ਉਸ ਨੂੰ ਭਰਕੇ Search button ਤੇ click ਕਰੇਗਾ।
4. ਇਸ ਉਪਰੰਤ ਵਿਦਿਆਰਥੀ ਦੀ ਸਾਰੀ detail screen ਤੇ show ਹੋ ਜਾਵੇਗੀ ਅਤੇ ਉਸ ਦੀ ਰਜਿਸਟਰੇਸ਼ਨ ਫੀਸ ਦਾ status ਨਵੇਂ ਸਕੂਲ ਵੱਲੋਂ check ਕਰਨ ਉਪਰੰਤ Choose action option ਵਿੱਚ Transfer button ਤੇ click ਕੀਤਾ ਜਾਵੇ।(ਜੇਕਰ ਰਜਿਸਟਰੇਸ਼ਨ ਫੀਸ status paid ਹੈ ਤਾਂ ਹੀ Transfer ਦੀ option ਖੁਲੇਗੀ। ਰਜਿਸਟਰੇਸ਼ਨ ਫੀਸ pending/unpaid ਹੋਣ ਦੀ ਸੂਰਤ ਵਿੱਚ ਵਿਦਿਆਰਥੀ ਦੀ Transfer ਨਹੀਂ ਹੋ ਸਕੇਗੀ।)

5 Transfer button ਤੇ click ਕਰਨ ਉਪਰੰਤ 'Upload Candidate Application' ਦੀ option ਵਿੱਚ ਵਿਦਿਆਰਥੀ ਦੀ application attach ਕੀਤੀ ਜਾਵੇ ਅਤੇ ਨਾਲ ਹੀ 'Reason of Transfer' option ਵਿੱਚ reason ਭਰਨ ਉਪਰੰਤ 'Apply Transfer' ਤੇ click ਕੀਤਾ ਜਾਵੇ।

6 School Transfer menu ਵਿੱਚ ਸਕੂਲ ਵੱਲੋਂ Transfer ਵਾਸਤੇ apply ਕੀਤੇ ਵਿਦਿਆਰਥੀਆਂ ਦੀ ਸੂਚੀ ' Applied List' option ਵਿੱਚ ਵੇਖੀ ਜਾ ਸਕਦੀ ਹੈ। ਜੇਕਰ ਕਿਸੇ ਸਕੂਲ ਵੱਲੋਂ ਗਲਤ Transfer apply ਹੋ ਗਿਆ ਹੈ, ਤਾਂ ਉਹ ਪਿਛਲੇ ਸਕੂਲ ਦੇ accept ਕਰਨ ਤੋਂ ਪਹਿਲਾਂ Applied List ਅਧੀਨ Choose Action ਦੀ option ਵਿੱਚ Cancel application ਦੀ option ਵਿੱਚ ਜਾਕੇ Transfer cancel ਕਰ ਸਕਦੇ ਹਨ।

Previous School Process

1 ਪਿਛਲਾ ਸਕੂਲ ਆਪਣਾ Login ਕਰਨ ਉਪਰੰਤ School Transfer menu ਵਿੱਚ 'Received List' ਤੇ click ਕਰਕੇ Transfer ਲਈ apply ਕੀਤੇ ਵਿਦਿਆਰਥੀਆਂ ਦੀ ਸੂਚੀ ਵੇਖ ਸਕਦੇ ਹਨ।

2 ਇਸ ਉਪਰੰਤ ਪਿਛਲੇ ਸਕੂਲ ਕੋਲ Choose Action ਦੀ option ਵਿੱਚ 'Accept/Reject by School' ਦੀ option ਆਵੇਗੀ।

3 ਜੇਕਰ ਪਿਛਲਾ ਸਕੂਲ Transfer ਵਾਸਤੇ ਸਹਿਮਤ ਹੈ ਤਾਂ ਉਹ Accept ਤੇ click ਕਰਕੇ transfer ਲਈ ਸਹਿਮਤੀ ਦੇਵੇਗਾ,ਨਹੀਂ ਤਾਂ ਸਕੂਲ ਵੱਲੋਂ Reject ਦੀ option ਵੀ select ਕੀਤੀ ਜਾ ਸਕਦੀ ਹੈ।

4 Accept/Reject ਦੀ option ਤੇ click ਕਰਨ ਉਪਰੰਤ 'Select your response' ਦੀ option ਵਿੱਚ Accept/Reject select ਕਰਕੇ Remarks enter ਕਰਨ ਉਪਰੰਤ Submit button ਤੇ click ਕੀਤਾ ਜਾਵੇ।

Final Submit and Print

1 ਪਿਛਲੇ ਸਕੂਲ ਵੱਲੋਂ Accept ਕਰਨ ਤੋਂ ਬਾਅਦ ਨਵੇਂ ਸਕੂਲ ਦੇ Login ਅਧੀਨ School Transfer menu ਦੀ Applied List option ਵਿੱਚ 'Pay Fee' ਦੀ option ਖੁੱਲ੍ਹ ਜਾਵੇਗੀ। ਇਸ option ਤੇ click ਕਰਕੇ ਸਕੂਲ ਵੱਲੋਂ ਟਰਾਂਸਫਰ ਦੀ ਬਣਦੀ ਫੀਸ ਦੀ online payment ਕੀਤੀ ਜਾਵੇ।

2 Online payment successful ਹੋਣ ਤੋਂ ਬਾਅਦ ਵਿਦਿਆਰਥੀ ਨਵੇਂ ਸਕੂਲ ਵਿੱਚ Transfer ਹੋ ਜਾਵੇਗਾ ਅਤੇ ਇਸ ਟਰਾਂਸਫਰ ਸਰਟੀਫਿਕੇਟ ਦਾ print ਨਵੇਂ ਸਕੂਲ ਅਧੀਨ Applied List ਵਿੱਚੋਂ ਅਤੇ ਪਿਛਲੇ ਸਕੂਲ ਅਧੀਨ Received List ਵਿੱਚੋਂ 'Print' option ਤੇ click ਕਰਕੇ Print ਕੀਤਾ ਜਾ ਸਕਦਾ ਹੈ। ਵਿਦਿਆਰਥੀ ਨਵੇਂ ਸਕੂਲ ਵਿੱਚ Shift ਹੋ ਜਾਵੇਗਾ ਅਤੇ ਉਸਦੇ ਵੇਰਵੇ ਸਬੰਧਤ ਫਾਰਮ ਅਧੀਨ View Inserted Records ਦੀ option ਵਿੱਚ ਚੈੱਕ ਕੀਤੇ ਜਾ ਸਕਦੇ ਹਨ।

ਨੋਟ:-

1. ਜੇਕਰ ਕੋਈ ਸਕੂਲ ਮੁਖੀ, ਸਕੂਲ ਤੋਂ ਸਕੂਲ ਟਰਾਂਸਫਰ ਕਰਵਾਏ ਬਿਨ੍ਹਾਂ ਕਿਸੇ ਵਿਦਿਆਰਥੀ ਨੂੰ ਆਪਣੇ ਪੱਧਰ ਤੇ ਦਾਖਲਾ ਦਿੰਦਾ ਹੈ ਤਾਂ ਉਸ ਵਿਦਿਆਰਥੀ ਦੀ ਆਨ-ਲਾਈਨ ਐਂਟਰੀ ਪਿਛਲੇ ਸਕੂਲ ਵਿੱਚ ਹੀ ਸ਼ੋਅ ਹੋਵੇਗੀ। ਜਿਸ ਕਰਕੇ ਅੱਠਵੀਂ/ਦਸਵੀਂ/ਬਾਰਵੀਂ ਸ਼੍ਰੇਣੀ ਵਿੱਚ ਨਵੇਂ ਸਕੂਲ ਵੱਲੋਂ ਵਿਦਿਆਰਥੀਆਂ ਦੇ ਪ੍ਰੀਖਿਆ ਫਾਰਮ ਜਨਰੇਟ ਨਹੀਂ ਕੀਤੇ ਜਾ ਸਕਣਗੇ ਅਤੇ ਨਾ ਹੀ ਨੌਵੀਂ/ਗਿਆਰ੍ਹਵੀਂ ਸ਼੍ਰੇਣੀ ਵਿੱਚ ਵਿਦਿਆਰਥੀਆਂ ਦਾ ਆਨ-ਲਾਈਨ ਰਿਜ਼ਲਟ ਅਪਲੋਡ ਹੋ ਸਕੇਗਾ।

2. ਇਸ ਲਈ ਸਕੂਲ ਮੁਖੀ ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀ ਅੰਤਿਮ ਮਿਤੀ ਨਿਕਲਣ ਉਪਰੰਤ ਕਿਸੇ ਵੀ ਵਿਦਿਆਰਥੀ ਨੂੰ ਸਕੂਲ ਤੋਂ ਸਕੂਲ ਟਰਾਂਸਫਰ ਕਰਵਾਏ ਬਿਨਾਂ ਸਕੂਲ ਵਿੱਚ ਦਾਖਲਾ ਨਾ ਦੇਣ। ਜੇਕਰ ਕੋਈ ਸਕੂਲ ਮੁਖੀ ਸਕੂਲ ਤੋਂ ਸਕੂਲ ਟਰਾਂਸਫਰ ਕਰਵਾਏ ਬਿਨ੍ਹਾਂ ਵਿਦਿਆਰਥੀ ਨੂੰ ਸਕੂਲ ਵਿੱਚ ਦਾਖਲ ਕਰਦਾ ਹੈ ਤਾਂ ਅਣਗਹਿਲੀ ਦੀ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੀ ਹੋਵੇਗੀ ਅਤੇ ਇਸ ਸਬੰਧੀ ਬੋਰਡ ਵੱਲੋਂ ਨਿਯਮਾਂ ਅਨੁਸਾਰ ਸਕੂਲ ਮੁਖੀ ਵਿਰੁੱਧ ਕਾਰਵਾਈ ਕੀਤੀ ਜਾਵੇਗੀ ।
3. ਸਕੂਲ ਤੋਂ ਸਕੂਲ ਟਰਾਂਸਫਰ ਲਈ Online Fee Payment ਤੱਕ ਦਾ ਸਾਰਾ Process 31 ਦਸੰਬਰ 2026 ਤੋਂ ਪਹਿਲਾਂ ਪੂਰਾ ਕਰਨਾ ਲਾਜ਼ਮੀ ਹੈ।

ਸੁਪਰਡੰਟ (ਰਜਿ:/ਮਾਈ:)
09/09/2026